**ਵਿਸ਼ਾ:- ਮਾਨਯੋਗ ਵਧੀਕ ਮੁੱਖ ਸਕੱਤਰ ਜੀ ਲਈ ਘਣੀ ਖੇਤੀ ਸ਼ਾਖਾ ਸਬੰਧੀ ਨੋਟ।**

ਇਸ ਸ਼ਾਖਾ ਦੇ ਇੰਚਾਰਜ ਸੰਯੁਕਤ ਡਾਇਰੈਕਟਰ ਖੇਤੀਬਾੜੀ (ਘਣੀ ਖੇਤੀ) ਹਨ ਅਤੇ ਇਹਨਾਂ ਦੇ ਅਧੀਨ ਹੇਠ ਲਿਖੇ ਅਧਿਕਾਰੀ/ਕਰਮਚਾਰੀ ਤੈਨਾਤ ਹਨ:-

1. ਡਿਪਟੀ ਡਾਇਰੈਕਟਰ ਖੇਤੀਬਾੜੀ (ਬੀਜ)
2. ਖੇਤੀਬਾੜੀ ਵਿਕਾਸ ਅਫਸਰ (ਬੀਜ)
3. ਖੇਤੀਬਾੜੀ ਵਿਕਾਸ ਅਫਸਰ (ਦਾਲਾਂ)
4. ਸੁਪਰਡੈਂਟ, ਦੋ ਸਹਾਇਕ, ਦੋ ਕਲਰਕ ਅਤੇ ਇੱਕ ਸਟੈਨੋ

**ਸ਼ਾਖਾ ਦੇ ਮੁੱਖ ਕੰਮ**

1. **ਫਸਲਾਂ ਦੇ ਬੀਜਾਂ ਦੇ ਪ੍ਰਬੰਧ**- ਘਣੀ ਖੇਤੀ ਸ਼ਾਖਾ ਵਿਭਾਗ ਦਾ ਇੱਕ ਮਹੱਤਵਪੂਰਨ ਸ਼ਾਖਾ ਹੈ । ਕਿਉਂਕਿ ਫਸਲਾਂ ਦੇ ਉਤਪਾਦਨ ਵਿਚ ਬੀਜ ਦਾ ਸਭ ਤ ਅਹਿਮ ਰੋਲ ਹੈ । ਚੰਗਾ ਬੀਜ ਹੀ ਫਸਲ ਦੀ ਉਤਦਾਪਿਕਤਾ ਦੀ ਗਰੰਟੀ ਹੈ । ਭਾਰਤੀ ਖੇਤੀ ਖੋਜ ਸੰਸਥਾ, ਭਾਰਤ ਸਰਕਾਰ ਦੇ ਖੇਤੀਬਾੜੀ ਮੰਤਰਾਲਾ, ਪੰਜਾਬ ਰਾਜ ਬੀਜ ਪ੍ਰਮਾਨਣ ਸੰਸਥਾ, ਪਨਸੀਡ, ਕ੍ਰਿਭਕੋ, ਇਫਕੋ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਹੋਰ ਸਬੰਧਤ ਅਦਾਰਿਆਂ ਨਾਲ ਤਾਲਮੇਲ ਕਰਕੇ ਬੀਜਾਂ ਦੇ ਬਰੀਡਰ ਸੀਡ, ਫਾਊਂਡੇਸ਼ਨ ਸੀਡ ਅਤੇ ਸਰਟੀਫਾਈਡ ਸੀਡ ਦੇ ਇੰਤਜਾਮ ਕੀਤੇ ਜਾਂਦੇ ਹਨ । ਇਸੇ ਕਰਕੇ ਹੀ ਪੰਜਾਬ ਰਾਜ ਮੁੱਖ ਫਸਲਾਂ ਦੇ ਉਤਪਾਦਨ ਵਿਚ ਭਾਰਤ ਦਾ ਮੋਹਰੀ ਸੂਬਾ ਚਲਿਆ ਆ ਰਿਹਾ ਹੈ । ਸਾਲ 2019-20 ਦੌਰਾਨ ਵੱਖ ਵੱਖ ਫਸਲਾਂ ਦੇ ਬੀਜਾਂ ਦੀ ਉਪਲਬਧਤਾ ਹੇਠ ਅਨੁਸਾਰ ਹੈ :-

ਮਾਤਰਾ ਕੁਇੰਟਲਾਂ ਵਿੱਚ

| ਲੜੀ ਨੰ: | ਫਸਲ ਦਾ ਨਾਮ | ਫਸਲ ਹੇਠ ਰਕਬਾ | ਬੀਜ ਦੀ ਮਾਤਰਾ ਦੀ ਮੰਗ | ਬੀਜ ਦੀ ਉਪਲਬਧਤਾ |
|---|---|---|---|---|
| 1. | ਝੋਨਾ | 28,43,000 | 175000 | 203016 |
| 2. | ਕਪਾਹ | 4,49,000 | 8920 | 10240 |
| 3. | ਮੱਕੀ | 1,65,000 | 50295 | 74177 |
| 4. | ਬਾਜਰਾ | - | 60 | 57 |
| 5. | ਮੂੰਗੀ | 45,000 | 28550 | 30317 |
| 6. | ਮਾਂਹ | 8,000 | 400 | 415 |

2. **ਕੌਮੀ ਅੰਨ ਸੁਰੱਖਿਆ ਮਿਸ਼ਨ ਸਕੀਮ ਦਾ ਕੰਮ**:- ਇਹ ਸਕੀਮ ਰਾਜ ਵਿਚ 2007-08 ਤੋਂ ਲਾਗੂ ਕੀਤੀ ਜਾ ਰਹੀ ਹੈ । ਸਾਲ 2014-15 ਤਕ ਇਹ ਸਕੀਮ 100 ਫੀਸਦੀ ਭਾਰਤ ਸਰਕਾਰ ਦੇ ਹਿੱਸੇ ਵਜੋਂ ਲਾਗੂ ਕੀਤੀ ਜਾਦੀ ਰਹੀ ਹੈ ਪ੍ਰੰਤੂ ਸਾਲ 2015-16 ਤੋਂ ਇਸ ਨੂੰ 60:40 ਦੇ ਅਨੁਪਾਤ ਨਾਲ ਲਾਗੂ ਕੀਤਾ ਜਾ ਰਿਹਾ ਹੈ । ਸਾਲ 2015 ਦੌਰਾਨ 5254 ਲੱਖ ਰੁਪਏ ਦੀ ਐਕਸ਼ਨ ਪਲਾਨ ਅਪਰੂਵ ਹੋਈ ਸੀ । ਭਾਰਤ ਸਰਕਾਰ ਵਲੋਂ 1409.60 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਸੀ ਅਤੇ ਰਾਜ ਸਰਕਾਰ ਵਲੋਂ 2480.26 ਲੱਖ ਰੁਪਏ (1070.66 ਲੱਖ ਰੁਪਏ ਪਿਛਲੇ ਸਾਲ ਦੀ ਅਣਵਰਤੀ ਰਾਸ਼ੀ) ਦੀ ਰਾਸ਼ੀ ਜਾਰੀ ਹੋਈ ਸੀ। ਸਾਲ 2015-16 ਦੌਰਾਨ 2013-14 ਬਕਾਇਆ ਰਾਸ਼ੀ 303.06 ਰੁਪਏ ਸਮੇਤ ਕੁੱਲ 1847.42 ਲੱਖ ਰੁਪਏ ਦਾ ਖਰਚਾ ਕੀਤਾ ਗਿਆ। ਸਾਲ 2017-18 ਵਿੱਚ ਭਾਰਤ ਸਰਕਾਰ ਵੱਲੋਂ 481.90 ਲੱਖ ਰੁਪਏ ਐਨ.ਐਫ.ਐਸ.ਐਮ. (ਕਣਕ) ਅਧੀਨ, 23.69 ਲੱਖ ਰੁਪਏ ਐਨ.ਐਫ.ਐਸ.ਐਮ. (ਦਾਲਾਂ) ਅਧੀਨ ਅਤੇ 29.40 ਲੱਖ ਰੁਪਏ ਐਨ.ਐਫ.ਐਸ.ਐਮ. (ਮੱਕਾ) ਅਧੀਨ ਜਾਰੀ ਕੀਤੇ ਗਏ ਸਨ। ਉਕਤ ਰਕਮਾਂ ਦੀ ਵਰਤੋਂ ਸਬੰਧਤ ਮੱਦਾਂ ਅਧੀਨ ਕਰ ਲਈ ਗਈ ਹੈ। ਇਸ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਰਾਜ ਵੱਲੋਂ ਆਪਣੇ ਹਿੱਸੇ ਦੀ ਰਾਸ਼ੀ ਬਾਬਤ ਸਾਲ 2016-17 ਲਈ 11.17 ਲੱਖ ਰੁਪਏ ਅਤੇ 2017-18 ਲਈ 321.27 ਲੱਖ ਰੁਪਏ ਜਾਰੀ ਨਹੀਂ ਕੀਤੀ ਗਈ ਜਿਸ ਕਾਰਨ ਭਾਰਤ ਸਰਕਾਰ ਵੱਲੋਂ ਸਾਲ 2018-19 ਦੌਰਾਨ ਕੋਈ ਰਾਸ਼ੀ ਜਾਰੀ ਨਹੀਂ ਕੀਤੀ ਗਈ ਅਤੇ 2019-20 ਦੌਰਾਨ ਕੇਵਲ ਐਨ.ਐਫ.ਐਸ.ਐਮ. , ਇੰਨਟਰਕਰੋਪਿੰਗ ਆਫ ਪਲਸਿਸ ਵਿਦ ਸ਼ੁਗਰਕੇਨ ਅਧੀਨ 5.55 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ। ਸਾਲ 2016-17 ਅਤੇ 2017-18 ਦੀ ਰਾਜ ਸਰਕਾਰ ਦੇ ਹਿੱਸੇ ਦੀ ਰਕਮ ਦੀ ਪ੍ਰਬੰਧਕੀ ਅਤੇ ਵਿੱਤੀ ਪ੍ਰਵਾਨਗੀ ਜਾਰੀ ਕਰਨ ਲਈ ਕੇਸ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੈ।

ਸਾਲ 2020-21 ਵਿੱਚ ਭਾਰਤ ਸਰਕਾਰ ਵੱਲੋਂ ਐਨ.ਐਫ.ਐਸ.ਐਮ. (ਦਾਲਾਂ) ਅਧੀਨ 284.70 ਲੱਖ ਰੁਪਏ, ਐਨ.ਐਫ.ਐਸ.ਐਮ. (ਮੱਕਾ) ਅਧੀਨ 102.45 ਲੱਖ ਰੁਪਏ, ਐਨ.ਐਫ.ਐਸ.ਐਮ. (ਗੰਨ੍ਹਾ) ਅਧੀਨ 38.50 ਲੱਖ ਰੁਪਏ, ਐਨ.ਐਫ.ਐਸ.ਐਮ. (ਕਪਾਹ) ਅਧੀਨ 78.54 ਲੱਖ ਰੁਪਏ ਅਤੇ ਐਨ.ਐਫ.ਐਸ.ਐਮ. (ਤੇਲਬੀਜ) ਅਧੀਨ 25.18 ਲੱਖ ਰੁਪਏ ਦਾ ਐਕਸ਼ਨ ਪਲਾਨ ਦੀ ਪ੍ਰਵਾਨਗੀ ਦਿੱਤੀ ਹੈ।

ਇਸ ਸਕੀਮ ਤਹਿਤ ਕੀਤੇ ਜਾਣ ਵਾਲੇ ਮੁੱਖ ਕੰਮ

- ✓ ਪ੍ਰਦਰਸਨੀ ਪਲਾਟ ਲਗਾ ਕੇ ਕਿਸਾਨਾਂ ਨੂੰ ਨਵੀਆਂ ਤਕਨੀਕਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ, ਮੌਜੂਦਾ ਤਕਨੀਕਾਂ ਵਿਚ ਜਿਹੜੇ ਗੈਪ ਹਨ ਉਹਨਾਂ ਨੂੰ ਪੂਰਿਆ ਕਰ ਕੇ ਉਤਪਾਦਕਤਾ ਵਿਚ ਵਾਧਾ ਕਰਨ, ਕੁਦਰਤੀ ਸੋਮਿਆਂ ਜਿਵੇਂ ਜਮੀਨ, ਪਾਣੀ ਅਤੇ ਵਾਤਾਵਰਣ ਦੀ ਸੰਭਾਲ ਕਰਨ , ਖੇਤੀ ਖਰਚੇ ਘੱਟ ਕਰਨ ਲਈ ਅਤੇ ਹੋਰ ਸਹਾਇਕ ਧੰਦੇ ਅਪਨਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਤਾਂ ਜੋ ਕਿਸਾਨ ਦੀ ਆਰਥਿਕਤਾ ਵਿਚ ਸੁਧਾਰ ਲਿਆਂਦਾ ਜਾ ਸਕੇ।

- ✓ ਨਵੀਆਂ ਵੱਧ ਝਾੜ ਦੇਣ ਵਾਲੀਆਂ ਅਨਾਜ ਅਤੇ ਦਾਲਾਂ ਵਾਲੀਆਂ ਫਸਲਾਂ ਦੇ ਬੀਜ ਉਪਦਾਨ ਤੇ ਮੁਹੱਈਆ ਕਰਵਾਏ ਜਾਂਦੇ ਹਨ।
- ✓ ਆਧੁਨਿਕ ਖੇਤੀ ਮਸ਼ੀਨਰੀ ਜਿਵੇਂ ਕਿ ਲੇਜਰ ਲੈਂਡ ਲੈਵਲਰ, ਰੋਟਾਵੇਟਰ, ਪਾਵਰ ਵੀਡਰ, ਸਪਰੇ ਪੰਪ, ਰੀਪਰ ਆਦਿ ਉਪਦਾਨ ਤੇ ਮੁਹੱਈਆ ਕਰਵਾਏ ਜਾਂਦੇ ਹਨ।
- ✓ ਸਿਫਾਰਿਸ਼ ਸ਼ੁਦਾ ਕੀਟਨਾਸ਼ਕ, ਛੋਟੇ ਤੱਤ ਵਾਲੀਆਂ ਖਾਦਾਂ, ਬਾਇਓ ਖਾਦਾਂ, ਜਿਪਸਮ ਅਤੇ ਜੰਤਰ ਆਦਿ ਵੀ ਲੋੜ ਅਨਸਾਰ ਉਪਦਾਨ ਤੇ ਮੁਹੱਈਆ ਕਰਵਾਏ।

3. **ਫਸਲੀ ਵਿਭਿੰਨਤਾ ਪ੍ਰੋਗਰਾਮ :**

ਰਾਜ ਵਿਚ ਫਸਲੀ ਵਿਭਿੰਨਤਾ ਪ੍ਰੋਗਰਾਮ ਸਾਲ 2013-14 ਤੋ ਆਰ.ਕੇ.ਵੀ.ਵਾਈ ਦੀ ਉਪ ਸਕੀਮ ਵਜੋ ਲਾਗੂ ਹੈ। ਇਸ ਸਕੀਮ ਦਾ ਮੁੱਖ ਮੰਤਵ ਝੋਨੇ ਦੀ ਫਸਲ ਹੇਠੋਂ ਰਕਬਾ ਘੱਟਾ ਕੇ ਬਦਲਵੀਆਂ ਫਸਲਾਂ ਜਿਵੇਂ ਮੱਕੀ, ਕਪਾਹ, ਦਾਲਾਂ ਅਤੇ ਵਣ ਘੇਤੀ ਨੂੰ ਉਤਸਾਹਿਤ ਕਰਨਾ ਹੈ। ਇਹ ਸਕੀਮ ਜੋ ਸਾਲ 2014-15 ਤੱਕ ਨਿਰੰਤਰ 100 ਪ੍ਰਤੀਸ਼ਤ ਕੇਂਦਰੀ ਸਹਾਇਤਾ ਨਾਲ ਚਲ ਰਹੀ ਸੀ, ਬਦਲ ਕੇ ਸਾਲ 2015-16 ਤੋ ਕੇਂਦਰ ਅਤੇ ਰਾਜ ਸਰਕਾਰ ਦੇ 60:40 ਹਿੱਸੇ ਵਜੋ ਲਾਗੂ ਕੀਤੀ ਜਾ ਰਹੀ ਹੈ। ਭਾਰਤ ਸਰਕਾਰ ਵਲੋ ਸਾਲ 2015-16 ਦੌਰਾਨ ਰਾਜ ਲਈ ਇਸ ਸਕੀਮ ਅਧੀਨ ਕੁੱਲ 150.00 ਕਰੋੜ ਰੁਪਏ ਦੀ ਐਲੋਕੇਸ਼ਨ ਪ੍ਰਵਾਨ ਕੀਤੀ ਸੀ, ਜਿਸ ਵਿਚੋ 37.50 ਕਰੋੜ ਰੁਪਏ ਜਾਰੀ ਕੀਤੇ ਗਏ। ਨੋਡਲ ਏਜੰਸੀ ਖੇਤੀਬਾੜੀ ਵਿਭਾਗ ਵਲੋ 37.50 ਕਰੋੜ ਰੁਪਏ ਵੱਖ ਵੱਖ ਇੰਪਲੀਮੈਂਟਿੰਗ ਏਜੰਸੀਸ ਨੂੰ ਜਾਰੀ ਕੀਤੇ ਗਏ, ਜਿਨ੍ਹਾਂ ਵਲ ਹੁਣ ਤੱਕ 4.47 ਕਰੋੜ ਰੁਪਏ ਦਾ ਖਰਚਾ ਕੀਤਾ ਜਾ ਚੁੱਕਾ ਹੈ। ਰਾਜ ਸਰਕਾਰ ਵਲੋ ਬਣਦੇ ਆਪਣੇ ਹਿੱਸੇ ਦੇ ਫੰਡਜ ਜਾਰੀ ਕਰਨ ਦੀ ਪ੍ਰਤੀਕਿਰਆ ਚਲ ਰਹੀ ਹੈ।

ਇਸ ਤੋ ਇਲਾਵਾ ਫਸਲੀ ਵਿਭਿੰਨਤਾ ਪ੍ਰੋਗਰਾਮ ਸਾਲ 2014-15 ਅਧੀਨ ਕੇਂਦਰ ਸਰਕਾਰ ਵਲੋ 250.00 ਕਰੋੜ ਰੁਪਏ ਦੇ ਐਕਸ਼ਨ ਪਲਾਨ ਵਿਰੁੱਧ 155.00 ਕਰੋੜ ਰੁਪਏ ਜਾਰੀ ਕੀਤੇ, ਜਿਸ ਵਿਚੋ ਹੁਣ ਤੱਕ ਵੱਖ ਵੱਖ ਪ੍ਰੋਜੈਕਟਾਂ ਅਧੀਨ 125.85 ਕਰੋੜ ਰੁਪਏ ਵਰਤੇ ਜਾ ਚੁੱਕੇ ਹਨ। ਮਿਤੀ 08.02.2016 ਨੂੰ ਖੇਤੀਬਾੜੀ ਵਿਭਾਗ ਵਲੋ 124.70 ਕਰੋੜ ਰੁਪਏ ਦਾ ਵਰਤੋ ਸਰਟੀਫਿਕੇਟ ਭਾਰਤ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ।

- ਫਸਲੀ ਵਿਭਿੰਨਤਾ ਪ੍ਰੋਗਰਾਮ ਸਾਲ 2016-17 ਦੌਰਾਨ ਐਪਰੂਵਡ ਐਕਸ਼ਨ ਪਲਾਨ ਮੁਤਾਬਿਕ 13185.00 ਲੱਖ ਰੁਪਏ ਦੀ ਐਲੋਕੇਸ਼ਨ ਸੀ। ਸਾਲ 2016-17 ਦੌਰਾਨ ਫਸਲੀ ਵਿਭਿੰਨਤਾ ਪ੍ਰੋਗਰਾਮ ਸਾਲ 2016-17 ਵਿਰੁੱਧ ਕੋਈ ਰਾਸ਼ੀ ਪ੍ਰਾਪਤ ਨਹੀਂ ਹੋਈ। ਪ੍ਰੰਤੂ ਫਸਲੀ ਵਿਭਿੰਨਤਾ ਪ੍ਰੋਗਰਾਮ ਸਾਲ 2014-15 ਦੀ ਅਣਵਰਤੀ 3218.30 ਲੱਖ ਰੁਪਏ ਦੀ ਰਾਸ਼ੀ ਨੂੰ ਫਸਲੀ ਵਿਭਿੰਨਤਾ ਪ੍ਰੋਗਰਾਮ ਸਾਲ 2016-17 ਦੌਰਾਨ ਐਪਰੂਵਡ ਐਕਸ਼ਨ ਪਲਾਨ ਲਈ ਵਰਤਣ ਲਈ ਦੀ ਪ੍ਰਵਾਨਗੀ ਮਿਤੀ: 10-03-2017 ਨੂੰ ਪ੍ਰਾਪਤ ਹੋਈ। ਸਾਲ 2016-17 ਦੇ ਐਪਰੂਵਡ ਐਕਸ਼ਨ ਪਲਾਨ ਦੀ ਰਾਸ਼ੀ ਵਿੱਚੋਂ 3277.20 ਲੱਖ ਰੁਪਏ ਦੀ ਰਾਸ਼ੀ ਮਿਤੀ: 19-05-2018 ਨੂੰ ਪ੍ਰਾਪਤ ਹੋਈ।
- ਫਸਲੀ ਵਿਭਿੰਨਤਾ ਪ੍ਰੋਗਰਾਮ ਸਾਲ 2017-18 ਦੌਰਾਨ ਐਪਰੂਵਡ ਐਕਸ਼ਨ ਪਲਾਨ ਮੁਤਾਬਿਕ 2933.00 ਲੱਖ ਰੁਪਏ ਦੀ ਐਲੋਕੇਸ਼ਨ ਸੀ। ਫਸਲੀ ਵਿਭਿੰਨਤਾ ਪ੍ਰੋਗਰਾਮ ਸਾਲ 2017-18 ਵਿਰੁੱਧ ਕੋਈ ਰਾਸ਼ੀ ਪ੍ਰਾਪਤ ਨਹੀਂ ਹੋਈ।
- ਫਸਲੀ ਵਿਭਿੰਨਤਾ ਪ੍ਰੋਗਰਾਮ ਸਾਲ 2018-19 ਦੌਰਾਨ ਐਪਰੂਵਡ ਐਕਸ਼ਨ ਪਲਾਨ ਮੁਤਾਬਿਕ 1176.26 ਲੱਖ ਰੁਪਏ ਦੀ ਐਲੋਕੇਸ਼ਨ ਸੀ ਜਿਸ ਵਿਰੁੱਧ 353.00 ਲੱਖ

ਰੁਪਏ ਦੀ ਰਾਸ਼ੀ ਮਿਤੀ: 28-03-2019 ਨੂੰ ਪ੍ਰਾਪਤ ਹੋਈ ਜੋ ਕਿ ਡਿਪਟੀ ਡਾਇਰਕੈਟਰ ਖੇਤੀਬਾੜੀ (ਕਪਾਹ ਵਿਸਥਾਰ) ਨੂੰ ਕਪਾਹ ਦੀਆਂ ਕਲੱਸਟਰ ਪ੍ਰਦਰਸ਼ਨੀਆਂ ਲਈ ਲਗਾਉਣ ਲਈ ਜਾਰੀ ਕੀਤੀ ਗਈ ਸੀ ਜੋ ਉਨ੍ਹਾਂ ਵੱਲੋਂ ਉਕਤ ਰਕਮ ਵਰਤਣ ਉਪਰੰਤ ਯੂ.ਸੀ. ਦੇ ਦਿੱਤਾ ਗਿਆ ਹੈ। ਫਸਲੀ ਵਿਭਿੰਨਤਾ ਪ੍ਰੋਗਰਾਮ ਦੇ ਸਾਲ 2020-21 ਦੌਰਾਨ ਭਾਰਤ ਸਰਕਾਰ ਵੱਲੋਂ 102.66 ਕਰੋੜ ਰੁਪਏ ਦਾ ਐਕਸ਼ਨ ਪਲਾਨ ਅਪਰੂਵ ਕੀਤੀ ਗਈ ਹੈ।

ਵਿਸਤਾਰ ਵਜੋਂ ਇਸ ਪ੍ਰੋਗਰਾਮ ਦੇ ਚਾਰ ਮੁੱਖ ਕੰਪੋਨੈਂਟ ਹਨ :-

- ✓ ਕਲਸਟਰ ਪ੍ਰਦਰਸ਼ਨੀਆ ਜਿਸ ਅਧੀਨ ਬਦਲਵੀਆਂ ਫਸਲਾਂ ਦੀ ਉਨਤ ਖੇਤੀ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਂਦੀਆ ਹਨ ।
- ✓ ਫਾਰਮ ਮੈਕਾਨਾਈਜੇਸ਼ਨ/ਵੈਲਿਊ ਐਡੀਸ਼ਨ ਜਿਸ ਵਿੱਚ ਬਦਲਵੀਆਂ ਫਸਲਾਂ ਲਈ ਸਹਾਇਕ ਖੇਤੀਬਾੜੀ ਸੰਦ ਅਤੇ ਸੁਚੱਜੇ ਮੰਡੀਕਰਨ ਨੂੰ ਮੁੱਖ ਰੱਖਦੇ ਲੋੜੀਂਦੇ ਮਸ਼ੀਨੀ ਕਰਨ ਨੂੰ ਮੁਹੱਇਆ ਕਰਵਾਇਆ ਜਾਂਦਾ ਹੈ। ਇਸ ਮੱਦ ਤਹਿਤ ਮੰਡੀ ਬੋਰਡ ਰਾਹੀ ਦੋ ਕਮਰਸ਼ੀਅਲ ਮੇਜ਼ ਡਰਾਇਰ (64 ਟਨ ਕਪੈਸਟੀ ਦੇ) ਸੈਲਾ ਖੁਰਦ ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਅਤੇ ਪੰਜ ਛੋਟੇ ਮੇਜ਼ ਡਰਾਇਰ (16 ਟਨ ਕਪੈਸਟੀ ਦੇ) ਨਕੋਦਰ, ਫਗਲਾਨਾ, ਮਾਛੀਵਾੜਾ, ਭੋਗਪੁਰ ਅਤੇ ਤਲਵਾੜਾ ਵਿਖੇ ਸਥਾਪਿਤ ਕੀਤੇ ਗਏ ਹਨ।
- ✓ ਸਾਈਟ ਸਪੈਸੀਫਿਕ ਐਕਟੀਵਿਟੀਸ ਜਿਸ ਵਿੱਚ ਸਾਇਲ ਹੈਲਥ ਕਾਰਡ, ਢਾਂਚਾ ਸੀਡ, ਮਿਟੀ ਸੁਧਾਰ ਲਈ ਜਿਪਸਮ ਦੀ ਵਰਤੋਂ ਅਤੇ ਫਸਲਾਂ ਦੀ ਪ੍ਰਭਾਵਸ਼ਾਲੀ ਸਿੰਚਾਈ ਲਈ ਮਿਟੀ ਦੋਜ ਪਾਈਪਾਂ ਨੂੰ ਉਤਸਾਹਿਤ ਕੀਤਾ ਜਾਂਦਾ ਹੈ।
- ✓ ਇਸ ਤੋਂ ਇਲਾਵਾਂ ਅਵੇਰਨੈਸ ਥਰੂ ਟ੍ਰੇਨਿੰਗ ਮੱਦ ਵਿੱਚ ਫਾਰਮਰਜ ਟ੍ਰੇਨਿੰਗ ਅਤੇ ਸਬੰਧਤ ਗਤੀਵਿਧੀਆਂ ਅਤੇ ਇਸ਼ਤਿਹਾਰਾਂ ਰਾਂਹੀ ਪ੍ਰੋਗਰਾਮ ਨੂੰ ਪ੍ਰਚਲਿਤ ਕੀਤਾ ਜਾ ਰਿਹਾ ਹੈ।

4. **ਸਰਕਾਰੀ ਬੀਜ ਫਾਰਮਾਂ ਦਾ ਕੰਮ** - ਮਹਿਕਮਾ ਖੇਤੀਬਾੜ੍ਹੀ ਦੇ ਤਕਨੀਕੀ ਸਟਾਫ ਦੀ ਨਿਗਰਾਨੀ ਹੇਠ ਸਰਕਾਰੀ ਬੀਜ ਫਾਰਮਾਂ ਤੇ ਬੀਜ ਪੈਦਾ ਕਰਵਾਇਆ ਜਾਂਦਾ ਹੈ ਅਤੇ ਕਿਸਾਨਾਂ ਨੂੰ ਬਿਨ੍ਹਾਂ ਕਿਸੇ ਲਾਭ-ਹਾਨੀ ਦੇ ਸਪਲਾਈ ਕੀਤਾ ਜਾਂਦਾ ਹੈ। ਵਿਭਾਗ ਕੋਲ ਇਸ ਵੇਲੇ 8 ਸਰਕਾਰੀ ਬੀਜ ਫਾਰਮ ਹਨ । ਇਹਨਾ ਫਾਰਮਾਂ ਦਾ ਵੇਰਵਾ ਹੇਠ ਲਿਖੇ (ਅਨੁਲੱਗ-ੳ) ਅਨੁਸਾਰ ਹੈ :-

| ਜਿਲਾ | ਸਰਕਾਰੀ ਬੀਜ ਫਾਰਮ | ਰਕਬਾ ਏ.ਕ.ਮ. | ਬੀਜੀਆਂ ਜਾਂਦੀਆਂ ਫਸਲਾਂ |
|---|---|---|---|
| ਅੰਮ੍ਰਿਤਸਰ | ਦਿਆਲ ਭੜੰਗ | 46-04-00 | ਇਹ ਫਾਰਮ ਪੀ.ਏ.ਯੂ ਟਰਾਂਸਫਰ ਕਰ ਦਿੱਤਾ ਗਿਆ ਹੈ। |
| ਗੁਰਦਾਸਪੁਰ | ਤਲਵੰਡੀ ਲਾਲ ਸਿੰਘ | 23-00-00 | ਕਣਕ,ਬਾਸਮਤੀ,ਮੱਕੀ |
| | ਕ੍ਰਿਸ਼ਨ ਕੋਟ | 24-00-00 | ਕਣਕ,ਬਾਸਮਤੀ,ਮੱਕੀ |
| ਮੋਗਾ | ਰੌਂਤਾ | 48-04-10 | ਕਣਕ,ਕਪਾਹ,ਮੱਕੀ |
| ਫਿਰੋਜਪੁਰ | ਸੁਲੇਮਸਾਹ | 22-00-00 | ਕਣਕ, ਕਪਾਹ, ਮੱਕੀ, ਦਾਲਾਂ |
| ਪਟਿਆਲਾ | ਤਰੈਂ ਫਾਰਮ | 48-00-00 | ਕਣਕ, ਕਪਾਹ, ਮੱਕੀ, ਦਾਲਾਂ |
| ਬਠਿੰਡਾ | ਤਲਵੰਡੀ ਸਾਬੋ | 25-00-00 | ਕਣਕ, ਨਰਮਾਂ, ਦਾਲਾਂ |
| | ਸੇਖਪੁਰਾ | 50-00-00 | ਇਹ ਫਾਰਮ ਪੀ.ਏ.ਯੂ ਟਰਾਂਸਫਰ ਕਰ ਦਿੱਤਾ ਗਿਆ ਹੈ। |
| ਕੁੱਲ ਜੋੜ | | 286-12-10 | |

**ਸਰਕਾਰੀ ਬੀਜ ਫਾਰਮ ਰੌਂਤਾ ਜਿਲਾ ਮੋਗਾ ਵਿਭਾਗ** ਦਾ ਸਭ ਤੋਂ ਵਧੀਆ ਮਾਡਲ ਫਾਰਮ ਵਜੋਂ ਕੰਮ ਕਰ ਰਿਹਾ ਹੈ। ਇਸ ਫਾਰਮ ਦਾ ਕਣਕ ਦਾ ਝਾੜ 21 ਕਵਿੰਟਲ ਪ੍ਰਤੀ ਏਕੜ ਪ੍ਰਾਪਤ ਹੋਇਆ ਹੈ । ਇਹ ਵਿਭਾਗ ਅਤੇ ਯੂਨੀਵਰਸਿਟੀ ਵਲੋ ਚਲਾਏ ਜਾ ਰਹੇ ਫਾਰਮਾਂ ਵਿੱਚੋਂ ਸਭ ਤੋਂ ਵੱਧ ਹੈ ਅਤੇ ਲਗਾਤਾਰ ਪੰਜ ਸਾਲ ਤੋਂ ਇਹ ਰਿਕਾਰਡ ਕਾਇਮ ਕੀਤਾ ਜਾ ਰਿਹਾ ਹੈ । ਇਸ ਦ ਫਾਰਮ ਮੈਨੇਜਰ ਸ: ਜਸਵਿੰਦਰ ਸਿੰਘ ਬਰਾੜ ਨੂੰ ਸਰਕਾਰ ਵਲੋਂ ਸਟੇਟ ਅਵਾਰਡ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ ।

5. **ਬੀਜਾਂ ਦੇ ਕੁਆਲਟੀ ਕੰਟਰੋਲ ਦਾ ਕੰਮ**: ਬੀਜਾਂ ਦੇ ਸਟੇਟ ਲੈਵਲ ਦੇ ਲਾਈਸੈਂਸ ਵੀ ਸੰਯੁਕਤ ਡਾਇਰੈਕਟਰ ਖੇਤੀਬਾੜੀ (ਘਣੀ ਖੇਤੀ) ਵਲੋਂ ਜਾਰੀ ਹੁੰਦੇ ਹਨ । ਕਿਉਂਕਿ ਸਰਕਾਰ ਵਲੋਂ ਇਹਨਾਂ ਨੂੰ ਲਾਈਸੈਂਸਿੰਗ ਅਫਸਰ ਘੋਸ਼ਿਤ ਕੀਤਾ ਹੋਇਆ ਹੈ । ਇਸੇ ਤਰਾਂ ਜਿਲੇ ਪੱਧਰ ਤੇ ਰਿਟੇਲ ਸੇਲ ਲਈ ਲਾਈਸੈਂਸ ਜਾਰੀ ਕਰਨ ਲਈ ਮੁੱਖ ਖੇਤੀਬਾੜੀ ਅਫਸਰਾਂ ਨੂੰ ਲਾਈਸੈਂਸਿੰਗ ਅਫਸਰ ਘੋਸ਼ਿਤ ਕੀਤਾ ਹੋਇਆ ਹੈ । ਪੰਜਾਬ ਰਾਜ ਪੱਧਰ ਤੇ ਕੁਲ 1467 ਫਰਮਾਂ ਰਜਿਸਟਰਡ ਹਨ ਅਤੇ ਇਸੇ ਤਰਾਂ ਜਿਲਿਆਂ ਵਿਚ 2000 ਡੀਲਰ ਰਜਿਸਟਰਡ ਹਨ । ਕੁਆਲਟੀ ਨੂੰ ਯਕੀਨੀ ਬਨਾਉਣ ਲਈ ਇਹਨਾਂ ਡੀਲਰਾਂ ਤੋਂ ਬੀਜਾਂ ਦੇ ਲੋੜ ਮੁਤਾਬਿਕ ਸੈਂਪਲ ਭਰੇ ਜਾਂਦੇ ਹਨ ਅਤੇ ਘਟੀਆ ਬੀਜਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਕੇ ਕੇਸ ਵੀ ਦਰਜ ਕਰਵਾਏ ਜਾਂਦੇ ਹਨ । ਪਿਛਲੇ ਤਿੰਨ ਸਾਲਾਂ ਦੌਰਾਨ 4394 ਸੈਂਪਲ ਫੇਲ ਪਾਏ ਗਏ ਅਤੇ ਦੋਸ਼ੀ ਡੀਲਰਾਂ ਵਿਰੁੱਧ ਕਾਰਵਾਈ ਆਰੰਭੀ ਗਈ ਹੈ ।

6. **ਬੀਜ ਪਰਖ ਲਬਾਰਟਰੀਆਂ ਦਾ ਕੰਮ** : ਵਿਭਾਗ ਦੀਆਂ ਤਿੰਨ ਬੀਜ ਪਰਖ ਲਬਾਰਟਰੀਆਂ ਇਕ ਲੁਧਿਆਣਾ, ਦੂਜੀ ਗਰਦਾਸਪੁਰ ਵਿਖੇ ਚਲ ਰਹੀਆਂ ਹਨ ਅਤੇ ਤੀਜੀ ਫਰੀਦਕੋਟ ਵਿਖੇ ਸਥਾਪਿਤ ਹੈ ਪਰ ਅਜੇ ਉਥੇ ਪੱਕੇ ਸਟਾਫ ਦੀ ਲੋੜ ਹੈ। ਬੀ ਟੀ ਟੈਸਟਿੰਗ ਲਈ ਲੁਧਿਆਣਾ ਲਬਾਰਟਰੀ ਪਿਛਲੇ ਸਾਲ ਚਾਲੂ ਕਰਵਾ ਦਿੱਤੀ ਗਈ ਹੈ ਅਤੇ ਇਸ ਸਾਲ ਬੀ.ਟੀ. ਟੈਸਟਿੰਗ ਲੈਬ, ਫਰੀਦਕੋਟ ਵੀ ਚਾਲੂ ਕਰਵਾ ਦਿੱਤੀ ਗਈ ਹੈ।

**ਹੋਰ ਜਾਣਕਾਰੀ**

7. **<u>ਅਨਾਜੀ ਫਸਲਾਂ ਦਾ ਉਤਪਾਦਨ:-</u>**ਖੇਤੀਬਾੜੀ ਪੰਜਾਬ ਰਾਜ ਦੀ ਆਰਥਿਕਤਾ ਦਾ ਮੁੱਖ ਅਧਾਰ ਹੈ, ਰਾਜ ਦੇ ਕੁੱਲ ਭੂਗੋਲਿਕ ਰਕਬੇ 50.33 ਲੱਖ ਹੈਕਟੇਅਰ ਵਿਚੋਂ 86% ਹਿੱਸਾ ਕਾਸ਼ਤ ਅਧੀਨ ਹੈ ਅਤੇ ਕੁੱਲ ਖੇਤੀ ਅਧੀਨ ਰਕਬੇ ਵਿਚੋਂ 80% ਰਕਬਾ ਅਨਾਜੀ ਫਸਲਾਂ ਜਿਵੇਂ ਕਿ ਕਣਕ, ਝੋਨਾ, ਮੱਕੀ, ਜੌਂ,ਬਾਜਰਾ ਆਦਿ ਹੇਠ ਕਾਸ਼ਤ ਕੀਤਾ ਜਾਂਦਾ ਹੈ। ਪੰਜਾਬ ਰਾਜ ਜੋ ਕਿ ਦੇਸ਼ ਦ ਕੁੱਲ ਭੂਗੋਲਿਕ ਰਕਬੇ ਦਾ 1.5% ਹੈ, 20% ਕਣਕ ਅਤੇ 11% ਚਾਵਲ ਪੈਦਾ ਕਰਦਾ ਹੈ ਅਤੇ 50% ਤੋਂ ਵੱਧ ਅਨਾਜ ਕੇਂਦਰੀ ਪੂਲ ਵਿੱਚ ਭੇਜਦਾ ਹੈ। ਇਹ ਸ਼ਾਖਾ ਅਨਾਜੀ ਫਸਲਾਂ ਅਤੇ ਹੋਰ ਫਸਲਾਂ ਦੇ ਬੀਜਾਂ ਦਾ ਬਿਜਾਈ ਤੋਂ ਪਹਿਲਾਂ ਪ੍ਰਬੰਧ ਵੱਖ-2 ਏਜੰਸੀਆਂ ਰਾਂਹੀਂ ਕਰਾਉਂਦੀ ਹੈ

8. **<u>ਵੱਖ-2 ਫਸਲਾਂ ਦੀਆਂ ਕਿਸਮਾਂ ਦੀ ਨੋਟੀਫਿਕੇਸ਼ਨ</u>** :-ਪੰਜਾਬ ਸਰਕਾਰ ਵੱਲੋਂ ਸਟੇਟ ਵਰਾਈਟਲ ਅਪਰੂਲ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਦਾ ਚੇਅਰਮੈਨ ਡਾਇਰੈਕਟਰ ਖੇਤੀਬਾੜੀ,ਪੰਜਾਬ ਨਿਯੁਕਤ ਕੀਤਾ ਗਿਆ ਹੈ। ਪੰਜਾਬ ਖੇਤੀਬਾੜੀ, ਯੂਨੀਵਰਸਿਟੀ ਵੱਲੋਂ ਵੱਖ-2 ਫਸਲਾਂ ਦੀਆਂ ਕਿਸਮਾਂ ਪੈਦਾ ਕਰਨ ਉਪਰੰਤ ਸਟੇਟ ਸੀਡ ਸਬ-ਕਮੇਟੀ ਜਿਸ ਦੇ ਚੇਅਰਮੈਨ ਵਿੱਤੀ ਕਮਿਸ਼ਨਰ (ਵਿਕਾਸ) ਪੰਜਾਬ ਜੀ ਹਨ, ਦੀ ਪ੍ਰਵਾਨਗੀ ਤੋਂ ਬਾਅਦ ਤਜਵੀਜ ਇਸ ਸ਼ਾਖਾ ਵੱਲੋਂ ਭਾਰਤ ਸਰਕਾਰ ਨੂੰ ਭੇਜੀ ਜਾਂਦੀ ਹੈ ਅਤੇ ਇਹਨਾਂ ਕਿਸਮਾਂ ਦੀ ਨੋਟੀਫਿਕੇਸ਼ਨ ਕਰਵਾਈ ਜਾਂਦੀ ਹੈ।

9. **<u>ਬੀਜ ਬਦਲਾਅ ਦਰ :-</u>** ਖੇਤੀ ਪੈਦਾਵਰ ਵਿੱਚ ਬੀਜ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ, ਸਿਰਫ ਮਿਆਰੀ ਬੀਜਾਂ ਦੀ ਵਰਤੋਂ ਨਾਲ ਹੀ 15-18% ਵੱਧ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ, ਇਸ ਲਈ ਰਾਜ ਵਿੱਚ ਤਸ਼ਦੀਕਸ਼ੁਦਾ / ਮਿਆਰੀ ਬੀਜਾਂ ਦੀ ਮੰਗ ਦਾ ਜਾਇਜਾ ਲਿਆ ਜਾਂਦਾ ਹੈ ਅਤੇ ਵੱਖ ਬੀਜ ਉਤਪਾਦਿਕ ਏਜੰਸੀਆਂ ਜਿਵੇਂ ਕਿ ਪੰਜਾਬ ਸਟੇਟ ਸੀਡ ਕਾਰਪੋਰੇਸ਼ਨ,ਨੈਸ਼ਨਲ ਸੀਡ ਕਾਰਪੋਰੇਸ਼ਨ, ਕ੍ਰਿਭਕੋ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਪ੍ਰਾਈਵੇਟ ਬੀਜ ਉਤਪਾਦਕਾਂ ਰਾਂਹੀਂ ਮਿਆਰੀ ਬੀਜ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸਾਲ 2016-17 ਤੋਂ ਸਾਲ 2019-20 ਤੱਕ ਹੇਠ ਲਿਖੇ ਅਨੁਸਾਰ ਵੱਖ ਵੱਖ ਬੀਜਾਂ ਦੀ ਬੀਜ ਬਦਲ ਅਨੁਪਾਤ ਹੇਠ ਲਿਖੇ ਅਨੁਸਾਰ ਹੈ:-

**(ਬੀਜ ਬਦਲ ਦਰ ਪ੍ਰਤੀਸ਼ਤ ਵਿੱਚ)**

| **ਲੜੀ ਨੰ:** | **ਫਸਲ ਦਾ ਨਾਂ** | 2016-17 | 2017-18 | 2018-19 | 2019-20 |
|---|---|---|---|---|---|
| 1. | ਝੋਨਾ | 35.70 | 33.81 | 34.38 | 34.09 |
| 2. | ਮੱਕੀ | 100 | 100 | 100 | 100 |
| 3. | ਕਪਾਹ | 100 | 100 | 100 | 100 |
| 4. | ਕਣਕ | 48.80 | 46.70 | 45 | 39.59 |

**<u>ਬੀਜਾਂ ਦਾ ਪ੍ਰਬੰਧ</u>**

| **ਲੜੀ ਨੰ:** | **ਫਸਲ** | **ਉਪਲਭਧਤਾ** (ਕੁਇੰਟਲਾਂ 'ਚ') |
|---|---|---|
| | **ਹਾੜ੍ਹੀ** 2019-20 | |
| 1. | ਕਣਕ | 1649578 |
| 2. | ਜੌਂ | 14839 |
| 3. | ਦਾਲਾਂ | 2315 |
| 4. | ਤੇਲਬੀਜ | 575 |
| | **ਸਾਉਣੀ**-2019-20 | |
| 5. | ਝੋਨਾ | 197705.38 |
| 6. | ਕਪਾਹ | 1781467 (ਬੀ.ਟੀ. ਪੈਕੇਟ) |
| 7. | ਮੱਕੀ | 76177 |
| 8. | ਦਾਲਾਂ | 45495 |